ਪੰਜਾਬੀ / PUNJABI

ਪੇਪਰ II / Paper II

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ *Time Allowed : **Three** Hours*	ਕੁੱਲ ਅੰਕ : **250** *Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿਚ ਹੀ ਦਿਓ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** from each section.*

The number of marks carried by a question/part is indicated against it.

*Answers must be written in **PUNJABI**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਪੰਜਾਂ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ) ***10×5=50***

(a) ਬੇੜਾ ਬੰਧੁ ਨ ਸਕਿਓ ਬੰਧਨ ਕੀ ਵੇਲਾ ।।
ਭਰਿ ਸਰਵਰੁ ਜਬ ਉਛਲੇ ਤਬ ਤਰਣ ਦੁਹੇਲਾ ।।
ਹਥੁ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ ।।ਰਹਾਉ।।
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ।।
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ।। *10*

(b) ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਏ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡਿ ਭਾਲੀਐ, ਭੰਡੁ ਹੋਏ ਬੰਧਾਨੁ ।।
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ।। *10*

(c) ਆ ਮਿਲ ਯਾਰ ਸਾਰ ਲੈ ਮੇਰੀ, ਮੇਰੀ ਜਾਨ ਦੁੱਖਾਂ ਨੇ ਘੇਰੀ ।
ਅੰਦਰ ਖੱਵਾਬ ਵਿਛੋੜਾ ਹੋਇਆ, ਖਬਰ ਨਾ ਪੈਂਦੀ ਤੇਰੀ ।
ਸੁੰਞੇ ਬਨ ਵਿੱਚ ਲੁੱਟੀ ਸਾਈਆਂ, ਸੂਰ ਪਲੰਘ ਨੇ ਘੇਰੀ ।
ਮੁੱਲਾਂ ਕਾਜ਼ੀ ਸਾਨੂੰ ਰਾਹ ਬਤਾਬਣ, ਦੇਣ ਭਰਮ ਦੀ ਫੇਰੀ ।
ਇਹ ਤਾਂ ਠੱਗ ਜਗਤ ਏ, ਜਿਹਾ ਲਾਵਣ ਜਾਲ ਚੁਫੇਰੀ । *10*

(d) ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸੇਬ ਵਲਾਇਤੀ ਸਾਰ ਵਿੱਚੋਂ ।
ਨੱਕ ਅਲਫ਼ ਹੁਸੈਨੀ ਦਾ ਪਿਪਲਾ ਸੀ, ਜ਼ੁਲਫ਼ ਨਾਗ ਖਜ਼ਾਨੇ ਦੀ ਬਾਰ ਵਿੱਚੋਂ ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿੱਚੋਂ ।
ਗਰਦਨ ਕੂੰਜ ਦੀ ਉਂਗਲਾਂ ਰਵਾਂ ਫਲੀਆਂ, ਹੱਥ ਕੂਲੜੇ ਬਰਗ ਚਿਨਾਰ ਵਿੱਚੋਂ । *10*

Optional Province · optionalprovince.com

(e) ਚੇਤ ਬਸੰਤ ਭਲਾ ਭਵਰ ਸੁਹਾਵੜੇ ।।
ਬਨ ਫੂਲੇ ਮੰਝ ਬਾਰਿ, ਮੈਂ ਪਿਰ ਘਰ ਬਹੁੜੇ ।।
ਪਿਰੁ ਘਰ ਨਹੀਂ ਆਵੈ, ਧਨ ਕਿਉਂ ਸੁਖ ਪਾਵੈ ।।
ਬਿਰਹਿ ਬਿਰੋਧ ਤਨਿ ਛੀਜੈ ।।
ਕੋਕਲਿ ਅੰਬਿ ਸੁਹਾਵੀ ਬੋਲੈ, ਕਿਉਂ ਦੁਖੁ ਅੰਕਿ ਸਹੀਜੈ ।।
ਭਵਰਿ ਭਵੰਤਾ ਫੂਲੀ ਡਾਲੀ, ਕਿਉਂ ਜੀਵਾ ਮਰ ਜਾਇ ।।
ਨਾਨਕ ਚੇਤੁ ਸਹਿਜ ਸੁਖੁ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ ।। *10*

Q2. (a) ਬਾਬਾ ਫਰੀਦ ਨੇ ਸਾਮੀ ਤੇ ਭਾਰਤੀ ਪਰੰਪਰਾਵਾਂ ਨੂੰ ਪੰਜਾਬੀ ਸਭਿਆਚਾਰ ਦੇ ਵਿਸ਼ੇਸ਼ ਧਰਾਤਲ ਉੱਤੇ ਕੇਂਦਰਤ ਕਰ ਕੇ ਜੋ ਕਵਿਤਾ ਸਿਰਜੀ ਹੈ, ਉਹ ਉਪਰੋਕਤ ਦੋਹਾਂ ਪਰੰਪਰਾਵਾਂ ਤੋਂ ਪਾਰ ਜਾ ਕੇ ਇੱਕ ਨਵਾਂ ਵਿਧਾਨ ਸਿਰਜਦੀ ਹੈ । ਇਸ ਕਥਨ ਦੀ ਪੁਸ਼ਟੀ ਬਾਬਾ ਫਰੀਦ ਦੇ ਸ਼ਲੋਕਾਂ ਦੇ ਆਧਾਰ 'ਤੇ ਕਰੋ । *20*

(b) 'ਜਪੁਜੀ' ਦਾ ਕੇਂਦਰੀ ਵਿਸ਼ਾ 'ਸਚੁ ਸਰੂਪ ਬ੍ਰਹਮ' ਦੀ ਵਿਆਖਿਆ ਕਰਨਾ ਅਤੇ 'ਪੂਰਨ ਪੁਰਸ਼' ਬਣਨ ਦੇ ਸਾਧਨ ਦੱਸਣਾ ਹੈ । ਇਸ ਕਥਨ ਦੀ ਰੌਸ਼ਨੀ ਵਿੱਚ ਬਾਣੀ 'ਜਪੁਜੀ' ਉੱਪਰ ਵਿਚਾਰ ਚਰਚਾ ਕਰੋ । *20*

(c) ਵਾਰਸ ਸ਼ਾਹ ਕੇਵਲ ਹੀਰ ਦਾ ਕਿੱਸਾ ਨਹੀਂ ਸੀ ਲਿਖ ਰਿਹਾ ਸਗੋਂ ਉਹ ਪੰਜਾਬ ਦਾ ਸਮਾਜਿਕ-ਇਤਿਹਾਸ ਵੀ ਉਲੀਕ ਰਿਹਾ ਸੀ । ਇਸ ਟਿੱਪਣੀ ਦੇ ਆਧਾਰ 'ਤੇ ਵਾਰਸ ਦੀ 'ਹੀਰ' ਦੇ ਸਮਾਜਿਕ ਮਹੱਤਵ ਬਾਰੇ ਚਰਚਾ ਕਰੋ । *10*

Q3. (a) 'ਬਾਰਹਮਾਹ ਤੁਖਾਰੀ' ਗੁਰੂ ਨਾਨਕ ਦੇ ਅਧਿਆਤਮਕ ਤੇ ਰੂਹਾਨੀ ਅਨੁਭਵਾਂ ਨੂੰ ਲੋਕ ਧਾਰਨਾਵਾਂ ਤੇ ਲੋਕ ਸ਼ੈਲੀ ਰਾਹੀਂ ਪ੍ਰਗਟਾਉਣ ਵਾਲਾ ਬਿਰਹੋਂ ਕਾਵਿ ਦਾ ਉੱਤਮ ਨਮੂਨਾ ਹੈ । ਇਸ ਬਾਰੇ ਆਲੋਚਨਾਤਮਕ ਵਿਚਾਰ ਦਿਓ । *20*

(b) ਬੁੱਲੇ ਸ਼ਾਹ ਲਈ ਕਵਿਤਾ ਸ਼ੁਗਲ ਨਹੀਂ, ਸਮਾਜਿਕ ਜ਼ਿੰਮੇਵਾਰੀ ਦਾ ਅਹਿਦ ਸੀ । ਇਸ ਕਥਨ ਦੇ ਆਧਾਰ 'ਤੇ ਬੁੱਲੇ ਸ਼ਾਹ ਦੀਆਂ ਕਾਫੀਆਂ ਦੇ ਸਮਾਜਿਕ ਸਰੋਕਾਰਾਂ ਉੱਪਰ ਚਾਨਣਾ ਪਾਉ । *20*

(c) ਵਾਰਸ ਸ਼ਾਹ ਨੇ ਕਿੱਸਾ 'ਹੀਰ' ਵਿੱਚ 'ਇਸ਼ਕ ਮਿਜ਼ਾਜ਼ੀ' ਨੂੰ 'ਇਸ਼ਕ ਹਕੀਕੀ' ਨਾਲ ਇਕਸੁਰ ਕਰਨ ਦਾ ਯਤਨ ਕੀਤਾ ਹੈ, ਜਿਸ ਕਾਰਨ ਇਹ ਰਚਨਾ ਸੂਫੀਆਨਾ ਰੰਗ ਧਾਰਨ ਕਰ ਗਈ । ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ । *10*

Optional Province · optionalprovince.com

Q4. (a) ਬਾਬਾ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਦ੍ਰਿਸ਼ਟੀਕੋਣ ਦਾ ਤੁਲਨਾਤਮਕ ਅਧਿਐਨ ਪੇਸ਼ ਕਰੋ । *20*

(b) ਬੁੱਲੇ ਸ਼ਾਹ ਦੀਆਂ ਕਾਫੀਆਂ ਦੇ ਦਾਰਸ਼ਨਿਕ ਮਿਜ਼ਾਜ ਅਤੇ ਰਹੱਸ-ਬੋਧ ਬਾਰੇ ਚਰਚਾ ਕਰੋ । *20*

(c) ਬਾਬਾ ਫਰੀਦ ਮਨੁੱਖ ਨੂੰ ਜਿਸ ਨਾਸ਼ਮਾਨਤਾ ਦੀ ਚੇਤਾਵਨੀ ਦੇ ਕੇ ਨੇਕੀ ਵੱਲ ਪ੍ਰੇਰਦੇ ਹਨ, ਨਾਸ਼ਮਾਨਤਾ ਦੀ ਉਸ ਚੇਤਾਵਨੀ ਵਿੱਚ ਨਿਸ਼ਕਰਮਤਾ ਨਹੀਂ, ਸਗੋਂ ਕਰਮਸ਼ੀਲਤਾ ਹੈ । ਫਰੀਦ ਰਚਿਤ ਸ਼ਲੋਕਾਂ ਵਿਚੋਂ ਉਦਾਹਰਨਾਂ ਦੇ ਕੇ ਇਸ ਗੱਲ ਦੀ ਪੁਸ਼ਟੀ ਕਰੋ । *10*

Optional Province · optionalprovince.com

SECTION B

Q5. ਹੇਠ ਲਿਖੇ ਪੰਜਾਂ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ । (ਸ਼ਬਦ ਸੀਮਾ : 150 ਹਰੇਕ) ***10×5=50***

(a) ਇਹ ਜਗ ਸਰਾਇ ਮੁਸਾਫਰਾਂ ਦੀ, ਏਥੇ ਜ਼ੋਰ ਵਾਲੇ ਕਈ ਆਇ ਗਏ ।
ਸ਼ਦਾਦ, ਨਮਰੂਦ, ਫਿਰਊਨ ਜੇਹੇ, ਦਾਵ੍ਹਾ ਬੰਨ ਖੁਦਾਇ ਕਹਾਇ ਗਏ ।
ਅਕਬਰ ਸ਼ਾਹ ਜੇਹੇ ਵਿੱਚ ਦਿੱਲੀ ਦੇ ਜੀ, ਫੇਰੀ ਵਾਂਗ ਵਣਜਾਰਿਆਂ ਪਾਇ ਗਏ ।
ਸ਼ਾਹ ਮਹੁੰਮਦਾ ਰਹੇਗਾ ਰੱਬ ਸੱਚਾ, ਵਾਜੇ ਕੂੜ ਦੇ ਕਈ ਬਜਾਇ ਗਏ । *10*

(b) ਮੋਚਾਂ, ਖੋਜਾਂ, ਤਜਰਬਿਆਂ ਨੇ ਕੀਤਾ ਅੰਤ ਨਿਤਾਰਾ ।
ਕਾਦਰ ਵਿੱਚੋਂ ਕੁਦਰਤ ਬਣ ਗਈ, ਸੁਹਜਾਂ ਦਾ ਭੰਡਾਰਾ ।
ਹੁਸਨ ਇਸ਼ਕ ਦਾ ਕਿੱਸਾ ਛਿੜਿਆ, ਅਗਨਿ ਪ੍ਰੇਮ ਦੀ ਜਾਗੀ ।
ਨਰ ਮਦੀਨ ਦਾ ਸੰਗਮ ਹੋ ਕੇ, ਫੈਲ ਗਿਆ ਜਗ ਸਾਰਾ । *10*

(c) ਮੈਂ ਕਚਹਿਰੀ ਵਿੱਚ ਨਹੀਂ ਖੜੀ ਕਿ ਕਿਸੇ ਦੀ ਗਵਾਹੀ ਲਿਆਵਾਂ । ਮੇਰਾ ਦਿਲ ਗਵਾਹ ਹੈ । ਜਦੋਂ ਤੂੰ ਉਸ ਬੇਸਵਾ ਕੋਲੋਂ ਆਉਂਦਾ ਹੈਂ ਤਾਂ ਤੇਰੇ ਤੌਰ ਈ ਹੋਰ ਹੁੰਦੇ ਨੇ । ਮੈਂ ਤੇਰੀ ਤੋਰ ਦੇਖ ਕੇ ਈ ਪਛਾਣ ਜਾਨੀ ਆਂ । ਤੇਰੀ ਆਵਾਜ਼ ਵਿੱਚ ਕੋਈ ਹੋਰ ਦੂਜੀ ਤੀਵੀਂ ਬੋਲਦੀ ਐ । ਅੱਜ ਵੀ ਉੱਥੋਂ ਈ ਆਇਐਂ । *10*

(d) ਖੁਸ਼ੀ ਦੀ ਲਾਲਸਾ ਜ਼ਿੰਦਗੀ ਦੀ ਬੁਨਿਆਦੀ ਟੋਹਣੀ ਹੈ, ਜਿਹੜੀ ਅਨੇਕਾਂ ਰਸਤਿਆਂ ਦੀ ਟੋਹ ਮਨੁੱਖ ਨੂੰ ਦਿੰਦੀ ਹੈ ਅਤੇ ਅਨੇਕਾਂ ਹੀ ਮੰਜ਼ਿਲਾਂ ਉਹਦੇ ਲਈ ਸੰਭਵ ਬਣਾ ਦਿੰਦੀ ਹੈ । ਏਸ ਬੁਨਿਆਦੀ ਟੋਹਣੀ ਨੂੰ ਸਮਝ ਲਿਆਂ ਜ਼ਿੰਦਗੀ ਨਕੇਲ ਵਿੱਚ ਬੇ-ਵੱਸ ਹਿੱਕੀ ਜਾਣ ਦੀ ਥਾਂ ਇੱਕ ਬੜੀ ਅਮੀਰ ਧਰਤੀ ਦੀ ਸੰਭਾਵਨਾਵਾਂ ਭਰੀ ਯਾਤਰਾ ਬਣ ਜਾਂਦੀ ਹੈ, ਜਿਦ੍ਹੇ ਵਿੱਚ ਨਾ ਨਿੱਤ ਨਵੀਆਂ ਢੂੰਡਾਂ ਦਾ ਕੋਈ ਅੰਤ ਹੈ, ਨਾ ਸੁਆਦਾਂ ਦਾ ਕੋਈ ਰਜੇਵਾਂ ਹੈ । *10*

Optional Province · optionalprovince.com

(e) ਨਦੀ ਦੀਆਂ ਲਹਿਰਾਂ ਉੱਠਦੀਆਂ ਹਨ ਅਤੇ ਉੱਠ ਕੇ ਮਿਟ ਜਾਂਦੀਆਂ ਹਨ – ਉਨ੍ਹਾਂ ਦਾ ਕੋਈ ਨਿਸ਼ਾਨ ਬਾਕੀ ਨਹੀਂ ਰਹਿੰਦਾ । ਪਰ ਜਿਨ੍ਹਾਂ ਕੰਢਿਆ ਨੂੰ ਇਹ ਲਹਿਰਾਂ ਕਈ ਵਾਰ ਖੋਰ ਕੇ ਢਾਹ ਜਾਂਦੀਆ ਹਨ, ਇਹ ਮੁੜ ਕਦੀ ਕਿਸਮਤ ਨਾਲ ਹੀ ਸਾਬਤ ਹੋ ਸਕਦੇ ਹਨ । ਕਿਦਾਰ ਦੀ ਜੀਵਨ ਨਦੀ ਵਿੱਚ ਅਜਿਹੀਆਂ ਬੇਅੰਤ ਲਹਿਰਾਂ ਉੱਠੀਆਂ ਤੇ ਉੱਠ ਕੇ ਮਿਟ ਗਈਆਂ, ਪਰ ਚਿੰਨ੍ਹ ਰੂਪ ਵਿੱਚ ਇਹ ਕਿਦਾਰ ਦੇ ਦਿਲ ਦੇ ਕੰਢਿਆਂ ਨੂੰ ਜਿਹੜੇ ਖੱਪੇ ਪਾ ਗਈਆਂ, ਉਨ੍ਹਾਂ ਖੱਪਿਆਂ ਨੂੰ ਭਰਨ ਲਈ ਕਿਦਾਰ ਨੇ ਨਵਾਂ ਸਫ਼ਰ ਸ਼ੁਰੂ ਕੀਤਾ । ਪਰ ਕੀ ਇਸ ਮਨੋਰਥ ਵਿੱਚ ਉਹ ਕਾਮਯਾਬ ਹੋ ਸਕਿਆ ? *10*

Q6. (a) ਗੁਰਬਖਸ਼ ਸਿੰਘ ਦਾ ਸਾਹਿਤ ਸਿਧਾਂਤ ਜ਼ਿੰਦਗੀ ਤੇ ਕਲਾ ਦੇ ਸੰਬੰਧਾਂ ਤੋਂ ਲੈ ਕੇ ਕਲਾ ਦੇ ਇਨਕਲਾਬੀ ਪ੍ਰਭਾਵ ਤੱਕ ਫੈਲਿਆ ਹੋਇਆ ਹੈ । ਇਸ ਕਥਨ ਦੀ ਪ੍ਰੌੜਤਾ ਗੁਰਬਖਸ਼ ਸਿੰਘ ਦੇ ਨਿਬੰਧਾਂ ਦੇ ਆਧਾਰ 'ਤੇ ਕਰੋ । *20*

(b) ਚਿੱਟਾ ਲਹੂ ਨਾਵਲ ਨਾਲ ਪੰਜਾਬੀ ਨਾਵਲ ਤਾਂ ਗਤੀਸ਼ੀਲ ਹੁੰਦਾ ਹੈ ਪਰ ਨਾਨਕ ਸਿੰਘ ਖੁਦ ਗਤੀਹੀਣ ਹੋ ਜਾਂਦਾ ਹੈ । ਨਾਨਕ ਸਿੰਘ ਦੀ ਨਾਵਲਕਾਰੀ ਦੇ ਸੰਦਰਭ ਵਿੱਚ ਇਸ ਟਿੱਪਣੀ ਬਾਰੇ ਆਪਣੇ ਆਲੋਚਨਾਤਮਕ ਵਿਚਾਰ ਦਿਓ । *20*

(c) ਬਲਵੰਤ ਗਾਰਗੀ ਦਾ ਪਲੇਠਾ ਨਾਟਕ 'ਲੋਹਾ ਕੁੱਟ' ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਪਰੰਪਰਾ ਭੰਜਨ ਦੀ ਲੀਹ ਪਾਉਣ ਵਾਲਾ ਪੰਜਾਬੀ ਦਾ ਵਿਲੱਖਣ ਨਾਟਕ ਹੈ । ਇਸ ਕਥਨ ਦੀ ਦਲੀਲਾਂ ਸਹਿਤ ਪੁਸ਼ਟੀ ਕਰੋ । *10*

Q7. (a) ਸ਼ਾਹ ਮਹੁੰਮਦ ਦੁਆਰਾ ਰਚਿਤ ਜੰਗਨਾਮਾ (ਜੰਗ ਸਿੰਘਾਂ ਤੇ ਫਿਰੰਗੀਆਂ) ਇਤਿਹਾਸ ਤੇ ਸਾਹਿਤਕਤਾ ਦਾ ਸਫ਼ਲ ਸੰਗਮ ਹੈ । ਇਸ ਬਾਰੇ ਆਪਣੇ ਆਲੋਚਨਾਤਮਕ ਵਿਚਾਰ ਦਿਓ । *20*

(b) ਨਾਨਕ ਸਿੰਘ ਦਾ ਨਾਵਲ 'ਪਵਿੱਤਰ ਪਾਪੀ' ਮਨੁੱਖ ਦੇ ਪ੍ਰਕ੍ਰਿਤਕ ਤੇ ਸੰਸਕ੍ਰਿਤਕ ਆਪੇ ਦਾ ਤਣਾਉ ਹੈ । ਤੁਸੀਂ ਇਸ ਕਥਨ ਨਾਲ ਸਹਿਮਤ ਹੋ ਜਾ ਨਹੀਂ ? ਦਲੀਲਾਂ ਸਹਿਤ ਉੱਤਰ ਦਿਉ । *20*

(c) 'ਮੇਰਾ ਰੂਸੀ ਸਫ਼ਰਨਾਮਾ' ਵਿੱਚ ਬਲਰਾਜ ਸਾਹਨੀ ਨੇ ਰੂਸੀ ਜੀਵਨ ਸ਼ੈਲੀ ਦੇ ਕਿਹੜੇ ਮਹੱਤਵਪੂਰਨ ਪੱਖਾਂ ਨੂੰ ਉਭਾਰਿਆ ਹੈ ? ਚਰਚਾ ਕਰੋ । *10*

Optional Province · optionalprovince.com

Q8. (a) ਸੰਤ ਸਿੰਘ ਸੇਖੋਂ ਦੇ ਸਾਹਿਤ ਚਿੰਤਨ ਦੇ ਸਿਧਾਂਤਕ ਸਰੋਕਾਰਾਂ ਬਾਰੇ ਚਰਚਾ ਕਰਦਿਆਂ ਉਸਦੀਆਂ ਮੱਧਕਾਲੀ-ਸਾਹਿਤ ਸੰਬੰਧੀ ਧਾਰਨਾਵਾਂ ਨੂੰ ਸਪੱਸ਼ਟ ਕਰੋ । *20*

(b) 'ਨਵਾਂ ਜਹਾਨ' ਕਾਵਿ ਸੰਗ੍ਰਹਿ ਤੱਕ ਆ ਕੇ ਧਨੀ ਰਾਮ ਚਾਤ੍ਰਿਕ ਦੀ ਕਾਵਿਕ ਸੁਰ ਸੁਧਾਰਵਾਦ ਤੋਂ ਪ੍ਰਗਤੀਵਾਦ ਵਿੱਚ ਵਟ ਜਾਂਦੀ ਹੈ । ਇਸ ਧਾਰਨਾ ਦੀ ਪੁਸ਼ਟੀ ਕਰਦੇ ਹੋਏ ਚਾਤ੍ਰਿਕ ਦੀ ਪ੍ਰਗਤੀਵਾਦੀ ਚੇਤਨਾ ਬਾਰੇ ਚਰਚਾ ਕਰੋ । *20*

(c) ਗੁਰਬਖਸ਼ ਸਿੰਘ ਪੰਜਾਬੀ ਲਿਖਣ ਸ਼ੈਲੀ ਵਿੱਚ ਸਭ ਤੋਂ ਅਨੂਠਾ ਤੇ ਬੇਨਜ਼ੀਰ ਸ਼ੈਲੀਕਾਰ ਸੀ ਜਿਸ ਦੀ ਪੈਰਵੀ ਹੋਰ ਕੋਈ ਪੰਜਾਬੀ ਵਾਰਤਕ ਲਿਖਾਰੀ ਨਹੀਂ ਕਰ ਸਕਿਆ । ਇਸ ਕਥਨ ਦੇ ਆਧਾਰ 'ਤੇ ਗੁਰਬਖਸ਼ ਸਿੰਘ ਦੀ ਵਾਰਤਕ ਸ਼ੈਲੀ ਦੀ ਵਿਲੱਖਣਤਾ ਦਰਸਾਉ । *10*

Optional Province · optionalprovince.com